# ਭਰੂਣ ਹੱਤਿਆ ਵਿਰੁਧ ਚੇਤੰਨ ਲਹਿਰ ਨੂੰ ਕਾਮਯਾਬ ਕਰਨ ਲਈ ਇਸਦੇ ਕਾਰਨਾਂ ਨੂੰ ਦੂਰ ਕਰਨ ਦੀ ਲੋੜ- ਡਾ. ਹਰਸ਼ਿੰਦਰ ਕੌਰ

## *ਸਿੱਖ ਇਤਿਹਾਸ ਵਿੱਚ ਬੀਬੀਆਂ ਨੇ ਅਤਿ ਅਹਿਮ ਭੂਮਿਕਾ ਨਿਭਾਈ- ਡਾ. ਅਮਰਜੀਤ ਸਿੰਘ*



ਡਾ. ਅਮਰਜੀਤ ਸਿੰਘ



ਡਾ. ਹਰਸ਼ਿੰਦਰ ਕੌਰ



ਪ੍ਰੋ. ਪ੍ਰਭਸ਼ਰਨਦੀਪ ਸਿੰਘ

ਬਰਕਲੇ (ਚੜ੍ਹਦੀ ਕਲਾ ਬਿਊਰੋ)- ਭਰੂਣ ਹੱਤਿਆ ਕੇਵਲ ਸਿੱਖਾਂ ਜਾਂ ਪੰਜਾਬੀਆਂ ਦੀ ਸਮਾਜਿਕ ਬੁਰਾਈ ਨਹੀਂ ਬਲਕਿ ਵਿਸ਼ਵਵਿਆਪੀ ਵਰਤਾਰਾ ਹੈ ਜਿਸਨੂੰ ਠੱਲ੍ਹ ਪਾਈ ਜਾਣੀ ਚਾਹੀਦੀ ਹੈ। ਦੁੱਖ ਦੀ ਗੱਲ ਹੈ ਕਿ ਸਾਰੇ ਹੀ ਧਰਮਾਂ ਦੇ ਲੋਕ ਇਹ ਮਾਨਵਵਿਰੋਧੀ ਕਰਮ ਕਰ ਰਹੇ ਹਨ। ਸਿੱਖ ਧਰਮ ਦੇ ਤਾਂ ਮੁੱਢਲੇ ਸਿਧਾਂਤ ਹੀ ਔਰਤ ਦੀ ਉੱਚਤਾ ਅਤੇ ਮਹਾਨਤਾ ਦੀ ਗੱਜ ਵੱਜ ਕੇ ਵਕਾਲਤ ਕਰਦੇ ਹਨ। ਪਰ ਅਫਸੋਸ ਹੈ ਕਿ ਅੱਜ ਕਾਫ਼ੀ ਗਿਣਤੀ ਵਿੱਚ ਸਿੱਖ ਵੀ ਭਰੂਣ ਹੱਤਿਆ ਦੇ ਦੋਸ਼ੀ ਪਾਏ ਜਾ ਰਹੇ ਹਨ। ਗੁਰੂ ਸਾਹਿਬਾਨ ਵਲੋਂ ਸਾਨੂੰ ਦਿੱਤੇ ਉਪਦੇਸ਼ ਦੇ ਮੱਦੇਨਜ਼ਰ ਸਾਡੇ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਔਰਤ ਨੂੰ ਅਪਣੇ ਪਰਿਵਾਰਾਂ ਅਤੇ ਸਮਾਜ ਵਿੱਚ ਬਰਾਬਰ ਦਾ ਰੁਤਬਾ ਦਿੰਦੇ ਹੋਏ ਹੋਰਨਾਂ ਧਰਮਾਂ ਅਤੇ ਫਿਰਕਿਆਂ ਦੇ ਲੋਕਾਂ ਲਈ ਮਿਸਾਲ ਬਣੀਏ। ਇਹ ਵਿਚਾਰ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਭਰੂਣ ਹੱਤਿਆ ਵਰਗੇ ਗੰਭੀਰ ਮਸਲੇ ਸਬੰਧੀ ਮੰਗਲਵਾਰ ਸ਼ਾਮੀਂ ਵਿਚਾਰ ਵਟਾਂਦਰੇ ਲਈ ਕਰਵਾਏ ਸਮਾਗਮ ਵਿੱਚ ਬੁਲਾਰਿਆਂ ਨੇ ਪ੍ਰਗਟਾਏ। ਪੰਜਾਬ ਦੀ ਧੀ ਡਾ. ਹਰਸ਼ਿੰਦਰ ਕੌਰ ਪਟਿਆਲਾ, ਜਿਨ੍ਹਾਂ ਨੇ ਭਰੂਣ ਹੱਤਿਆ ਸਬੰਧੀ ਭਾਰਤ ਸਰਕਾਰ ਵਲੋਂ ਗਲਤ ਅੰਕੜੇ ਦੇ ਕੇ ਸਿੱਖਾਂ ਨੂੰ ਕੁੜੀ ਮਾਰ ਕੌਮ ਵਜੋਂ ਬਦਨਾਮ ਕਰਨ ਦੀ ਚਾਲ ਨੂੰ ਸੰਯੁਕਤ ਰਾਸ਼ਟਰ ਵਿੱਚ ਸਹੀ ਅੰਕੜੇ ਦੇ ਕੇ ਝੁਠਲਾਇਆ, ਦੇ ਕੈਲੀਫੋਰਨੀਆ ਪੁੱਜਣ ਕਾਰਨ ਉਲੀਕੇ ਇਸ ਪ੍ਰੋਗਰਾਮ ਦੌਰਾਨ ਸਿੱਖ ਭਾਈਚਾਰੇ ਦੇ ਪਤਵੰਤਿਆਂ ਅਤੇ ਯੂਨੀਵਰਸਿਟੀ ਵਿਦਿਆਰਥੀਆਂ ਦੀ ਸ਼ਮੂਲੀਅਤ ਵਾਲੇ ਇਸ ਵਿਚਾਰ ਵਟਾਂਦਰੇ ਦੌਰਾਨ ਭਰੂਣ ਹੱਤਿਆ ਦੇ ਕਾਰਨਾਂ ਅਤੇ ਇਸ ਬੁਰਾਈ ਨੂੰ ਠੱਲ੍ਹ ਪਾਉਣ ਸਬੰਧੀ ਸਾਰੇ ਪੱਖਾਂ ਨੂੰ ਵਿਚਾਰਿਆ ਗਿਆ। ਸਿੱਖ ਚਿੰਤਕ ਪ੍ਰਭਸ਼ਨਦੀਪ ਸਿੰਘ ਨੇ ਸਮਾਗਮ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਪਹਿਲਾਂ ਬਰਤਾਨਵੀ ਹਕੂਮਤ ਅਤੇ ਫਿਰ ਹਿੰਦੂ ਸਰਕਾਰਾਂ ਦੌਰਾਨ ਸਿੱਖ ਧਰਮ ਅਤੇ ਸੱਭਿਆਚਾਰ ਨੂੰ ਜਿਹੜੀ ਢਾਹ ਲਾਈ ਗਈ ਉਸਨੇ ਕੌਮੀ ਤੌਰ ਉੱਤੇ ਸਾਡਾ ਭਾਰੀ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਭਰੂਣ ਹੱਤਿਆ ਵਰਗੀਂ ਸਮਾਜਿਕ ਬੁਰਾਈ ਵਿਰੁਧ ਤਾਂ ਗੁਰੂ ਸਾਹਿਬਾਨ ਨੇ ਕੌਮ ਨੂੰ ਮੁੱਢ ਤੋਂ ਹੀ ਸੁਚੇਤ ਕਰਦਿਆਂ ਔਰਤ ਨੂੰ ਵੱਡਾ ਰੁਤਬਾ ਪ੍ਰਦਾਨ ਕੀਤਾ।

ਡਾ. ਹਰਸ਼ਿੰਦਰ ਕੌਰ ਜਿਹੜੇ ਕੈਨੇਡਾ ਦੇ ਦੌਰੇ ਬਾਅਦ ਕੈਲੀਫੋਰਨੀਆ ਪੁੱਜੇ ਹਨ ਅਤੇ ਸਮਾਗਮ ਦੇ ਮੁੱਖ ਮਹਿਮਾਨ ਅਤੇ ਬੁਲਾਰਾ ਸਨ, ਨੇ ਪਹਿਲਾਂ ਅੰਕੜਿਆਂ ਸਹਿਤ ਦੱਸਿਆ ਕਿ ਪੰਜਾਬ ਵਿੱਚ ਵੱਡੀ ਪੱਧਰ ਉੱਤੇ ਭਰੂਣ ਹੱਤਿਆ ਦਾ ਰੁਝਾਨ ਹੋਣ ਦੇ ਬਾਵਜੂਦ ਭਾਰਤ ਵਿੱਚੋਂ ਪੰਜਾਬ ਸਿਰ ਇਹ ਕਲੰਕ ਮੜ੍ਹਨਾ ਸਿੱਖਾਂ ਨੂੰ ਬਦਨਾਮ ਕਰਨ ਦੀ ਚਾਲ ਹੈ ਕਿਉਂਕਿ ਦੂਸਰੇ ਸੂਬਿਆਂ ਵਿੱਚ ਅੰਕੜੇ ਇਸ ਤੋਂ ਜ਼ਿਆਦਾ ਹਨ। ਪਰ ਇਸਦੇ ਬਾਵਜੂਦ ਇਸ ਸਮਾਜਿਕ ਬੁਰਾਈ ਦਾ ਹੋਣਾ ਸਾਡੇ ਸਭਨਾਂ ਲਈ ਸ਼ਰਮ ਅਤੇ ਚਿੰਤਾ ਵਾਲੀ ਗੱਲ ਹੈ।

ਇਸ ਰੁਝਾਨ ਦੇ ਸਮਾਜਿਕ ਅਤੇ ਆਰਥਿਕ ਪਿਛੋਕੜ ਵੱਲ ਧਿਆਨ ਦਿਵਾਉਂਦਿਆਂ ਉਨ੍ਹਾਂ ਕਿਹਾ ਕਿ ਭਰੂਣ ਹੱਤਿਆ ਵਿਰੁੱਧ ਚੇਤੰਨ ਲਹਿਰ ਨੂੰ ਕਾਮਯਾਬ ਕਰਨ ਲਈ ਇਸਦੇ ਕਾਰਨਾਂ ਨੂੰ ਦੂਰ ਕਰਨ ਦੀ ਲੋੜ ਹੈ।

ਅੰਗਰੇਜ਼ੀ ਵਿੱਚ ਗੱਲ ਸ਼ੁਰੂ ਕਰਨ ਬਾਅਦ ਪੰਜਾਬੀ ਵੱਲ ਮੁੜਦਿਆਂ ਡਾ. ਹਰਸ਼ਿੰਦਰ ਕੌਰ ਨੇ ਅੰਗਰੇਜ਼ੀ ਵਿੱਚ ਕਾਰਵਾਈ ਚਲਾ ਰਹੇ ਪ੍ਰਬੰਧਕਾਂ ਨੂੰ ਮਿੱਠਾ ਜਿਹਾ ਤਾਅਨਾ ਮਾਰਦਿਆਂ ਕਿਹਾ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰ ਹੋਣ ਕਾਰਨ ਤੁਹਾਨੂੰ ਤਾਂ ਪੰਜਾਬੀ ਨੂੰ ਬਿਲਕੁਲ ਨਹੀਂ ਤਿਆਗਣਾ ਚਾਹੀਦਾ।

ਡਾ. ਹਰਸ਼ਿੰਦਰ ਕੌਰ ਨੇ ਕਿਹਾ ਕਿ ਮਾਮਲਾ ਕੁੜੀਆਂ ਦੀ ਜਨਮ ਤੋਂ ਪਹਿਲਾਂ ਜਾਂ ਬਾਅਦ ਵਿੱਚ ਕੀਤੀ ਜਾਂਦੀ ਹੱਤਿਆ ਨੂੰ ਰੋਕਣ ਤੱਕ ਸੀਮਤ ਨਹੀਂ ਬਲਕਿ ਧੀਆਂ ਨੂੰ ਪੁੱਤਾਂ ਦੇ ਬਰਾਬਰ ਰੁਤਬਾ ਦੇਣ ਦਾ ਹੈ। ਇਸ ਲਈ ਸਭ ਤੋਂ ਜ਼ਰੂਰੀ ਹੋ ਜਾਂਦਾ ਹੈ ਕਿ ਕੁੜੀਆਂ ਦੀ ਪੜ੍ਹਾਈ ਵੱਲ ਉਚੇਚਾ ਧਿਆਨ ਅਤੇ ਯਤਨ ਕਰਕੇ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਅਗਾਂਹ ਵੱਧਣ ਦੇ ਯੋਗ ਬਣਾਇਆ ਜਾਵੇ। ਪ੍ਰਵਾਸੀ ਪੰਜਾਬੀਆਂ ਨੂੰ ਆਪਣੀ ਬੋਲੀ, ਧਰਮ ਅਤੇ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਪ੍ਰੇਰਦਿਆਂ ਡਾ. ਹਰਸ਼ਿੰਦਰ ਕੌਰ ਨੇ ਹਰ ਪ੍ਰਵਾਸੀ ਨੂੰ ਅਪਣੇ ਪਿੰਡਾਂ ਦੀਆਂ ਕੁੜੀਆਂ ਖ਼ਾਸ ਕਰ ਲੋੜਵੰਦ ਅਤੇ ਗਰੀਬ ਬੱਚੀਆਂ ਦੀ ਪੜ੍ਹਾਈ ਦਾ ਖਰਚਾ ਓੜਣ ਲਈ ਅੱਗੇ ਆਉਣ ਲਈ ਕਿਹਾ। ਖੁਦ 300 ਦੇ ਕਰੀਬ ਕੁੜੀਆਂ ਦੀ ਪੜ੍ਹਾਈ 'ਚ ਮੱਦਦ ਵਜੋਂ ਉਨ੍ਹਾਂ ਦੀਆਂ ਫੀਸਾਂ ਦਾ ਖਰਚਾ ਆਪਣੀ ਤਨਖਾਹ ਵਿਚੋਂ ਅਦਾ ਕਰਦੀ ਡਾ. ਕੌਰ ਨੇ ਕਿਹਾ ਕਿ ਸਾਨੂੰ ਸਭ ਨੂੰ ਰਲ ਕੇ ਇਹ ਉੱਦਮ ਕਰਨਾ ਪਵੇਗਾ।

ਸਿੱਖ ਕੌਮ ਦੇ ਸੀਨੀਅਰ ਆਗੂ ਡਾ. ਅਮਰਜੀਤ ਸਿੰਘ, ਜਿਹੜੇ ਅਹਿਮ ਮੁੱਦਿਆਂ ਉੱਤੇ ਲਗਾਤਾਰ ਰਹਿਨੁਮਾਈ ਕਰਦੇ ਹਨ, ਨੇ ਗੁਰਬਾਣੀ ਦੇ ਹਵਾਲੇ ਨਾਲ ਗੱਲ ਸ਼ੁਰੂ ਕਰਦਿਆਂ ਕਿਹਾ ਕਿ ਜਿਸ ਮਸਲੇ ਨੂੰ ਲੈ ਕੇ ਅੱਜ ਅਸੀਂ ਸਰਗਰਮ ਹੋਏ ਹਾਂ ਗੁਰੂ ਸਾਹਿਬਾਨ ਨੇ ਸਾਨੂੰ ਉਦੋਂ ਹੀ ਸੁਚੇਤ ਕਰ ਦਿੱਤਾ ਸੀ। ਸਿੱਖ ਧਰਮ ਵਿੱਚ ਬੀਬੀਆਂ ਦੇ ਸਥਾਨ ਅਤੇ ਸਿੱਖ ਇਤਿਹਾਸ ਵਿੱਚ ਬਹਾਦਰ ਸਿੰਘਣੀਆਂ ਦੇ ਯੋਗਦਾਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਾਨੂੰ ਮਾਈ ਭਾਗੋ, ਮਾਤਾ ਸਦਾ ਕੌਰ, ਮਹਾਰਾਣੀ ਜਿੰਦਾਂ ਵਰਗੀਆਂ ਮਹਾਨ ਬੀਬੀਆਂ ਤੋਂ ਪ੍ਰੇਰਨਾ ਲੈ ਕੇ ਧੀਆਂ ਦੀ ਮਹੱਤਤਾ ਸਮਝਣੀ ਚਾਹੀਦੀ ਹੈ। ਡਾ. ਹਰਸ਼ਿੰਦਰ ਕੌਰ ਵਲੋਂ ਆਰੰਭੀ ਮੁਹਿੰਮ ਦੀ ਸਰਾਹਨਾ ਕਰਦਿਆਂ ਉਨ੍ਹਾਂ ਕਿਹਾ ਕਿ ਮਾਮਲਾ ਭਰੂਣ ਹੱਤਿਆ ਖ਼ਿਲਾਫ ਕੇਵਲ ਹੁਕਮਨਾਮੇ ਜਾਰੀ ਕਰਨ ਤੱਕ ਸੀਮਤ ਨਹੀਂ। ਸਹੀ ਮਾਅਨਿਆਂ ਵਿੱਚ ਇਸ ਬੁਰਾਈ ਨੂੰ ਜੜ੍ਹੋਂ ਖ਼ਤਮ ਕਰਨ ਦੀ ਲੋੜ ਹੈ। ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਮਾਮਲੇ ਦੀ ਉਦਾਹਰਣ ਦਿੰਦਿਆਂ ਡਾ.ਅਮਰਜੀਤ ਸਿੰਘ ਨੇ ਕਿਹਾ ਕਿ ਕੁੜੀ ਮਾਰਾਂ ਲਈ ਸਿੱਖ ਧਰਮ ਵਿੱਚ ਕੋਈ ਥਾਂ ਨਹੀਂ ਅਤੇ ਦੋਸ਼ੀ, ਭਾਵੇਂ ਉਹ ਕਿੰਨੇ ਵੀ ਉੱਚੇ ਰੁਤਬੇ ਵਾਲਾ ਹੋਵੇ, ਨੂੰ ਤਨਖ਼ਾਹ ਲਾਈ ਜਾਂਦੀ ਰਹੀ ਹੈ।

ਬਹੁਤ ਸਾਰੇ ਸਰੋਤਿਆਂ ਨੇ ਭਰੂਣ ਹੱਤਿਆ ਦੀ ਸਥਿਤੀ ਅਤੇ ਇਸਨੂੰ ਰੋਕਣ ਸਬੰਧੀ ਸੁਆਲ ਵੀ ਕੀਤੇ ਜਿਨ੍ਹਾਂ ਦੇ ਡਾ. ਹਰਸ਼ਿੰਦਰ ਕੌਰ ਨੇ ਜਵਾਬ ਦਿੰਦਿਆਂ ਸਭਨਾਂ ਨੂੰ ਇਸ ਸਬੰਧੀ ਬਣਦਾ ਯੋਗਦਾਨ ਪਾਉਣ ਦਾ ਸੱਦਾ ਦਿੱਤਾ।

ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਰਣਦੀਪ ਸਿੰਘ ਨੇ ਸਮਾਗਮ ਦੀ ਕਾਰਵਾਈਆਂ ਚਲਾਉਂਦਿਆਂ ਵਿਚਾਰ ਚਰਚਾ ਦੇ ਮਕਸਦ ਅਤੇ ਮਹੱਤਤਾ ਸਬੰਧੀ ਸਰੋਤਿਆਂ ਨੂੰ ਜਾਣੂੰ ਕਰਾਉਂਦਿਆਂ ਵਿਦਵਾਨ ਬੁਲਾਰਿਆਂ ਦਾ ਧੰਨਵਾਦ ਕੀਤਾ।

ਗੁਰਦੁਆਰਾ ਸਾਹਿਬ ਫਰੀਮਾਂਟ ਦੀ ਤਰਫ਼ੋਂ ਲੰਗਰ ਦੀ ਸੇਵਾ ਲਈ ਭਾਈ ਜਸਵਿੰਦਰ ਸਿੰਘ ਜੰਡੀ, ਭਾਈ ਹਰਦੇਵ ਸਿੰਘ ਭਲਵਾਨ ਅਤੇ ਉਨ੍ਹਾਂ ਦੇ ਸਾਥੀ ਉਚੇਚਾ ਪੁੱਜੇ।